14

# ਕਲੀਸੀਆ ਲਈ ਖ਼ੁਦਾਈ ਨਾਮ

ਨਵੇਂ ਨੇਮ ਨੂੰ ਗੌਰ ਨਾਲ ਪੜ੍ਹਨ ਤੇ ਪਤਾ ਲਗਦਾ ਹੈ ਕਿ ਕਲੀਸੀਆ ਨੂੰ ਇਕ ਖ਼ਾਸ ਜੀਵ ਹੋਣ ਲਈ ਬਣਾਇਆ ਗਿਆ ਸੀ। ਇਸੇ ਕਰਕੇ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਲੇਖਕਾਂ ਨੇ ਇਸ ਨੂੰ ਖ਼ਾਸ ਢੰਗਾਂ ਨਾਲ ਸੰਬੋਧਿਤ ਕੀਤਾ। ਇਨ੍ਹਾਂ ਹਵਾਲਿਆਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਨੂੰ ਕੰਮ, ਮਲਕੀਅਤ ਅਤੇ ਸਬੰਧ ਨੂੰ ਦਰਸਾਉਣ ਲਈ ਖ਼ਾਸ ਅਰਥ ਨਾਲ ਵਰਤਿਆ ਜਾਂਦਾ ਹੈ। ਉਹ ਰੱਬੀ ਹਦਾਇਤ ਨਾਲ ਇਲਾਹੀ ਮਕਸਦ ਨੂੰ ਪੂਰਾ ਕਰਨ ਲਈ ਦਿੱਤੇ ਗਏ ਸਨ।

ਕਲੀਸੀਆ ਲਈ ਪਵਿੱਤਰ ਆਤਮਾ ਰਾਹੀਂ ਵਰਤੇ ਗਏ ਵਾਕਾਂ ਨੂੰ ਉਦਾਹਰਣਾਂ ਦੇ ਰੂਪ ਵਿਚ ਹੀ ਨਹੀਂ ਮੰਨਣਾ ਚਾਹੀਦਾ।[1] ਨਵਾਂ ਨੇਮ ਮਸੀਹ ਦੇ ਸੱਚੇ ਪੈਰੋਕਾਰਾਂ ਨੂੰ ਉਸ ਦੀ ''ਕਲੀਸੀਆ,'' ਉਸ ਦੀ ''ਦੇਹ,'' ਅਤੇ ਉਸ ਦਾ ''ਰਾਜ'' ਆਖਦਾ ਹੈ। ਇਹ ਖ਼ੁਦਾਈ ਨਾਮ[2] ਉਸ ਕਲੀਸੀਆ ਦੀ, ਜਿਸ ਨੂੰ ਪ੍ਰਭੂ ਨੇ ਬਣਾਇਆ ਪਛਾਣ, ਖ਼ਾਸੀਅਤ ਅਤੇ ਵਰਣਨ ਕਰਦੇ ਹਨ। ਇਨ੍ਹਾਂ ਤੇ ਗੌਰ ਨਾਲ ਵਿਚਾਰ ਕਰੋ।

## ਕੰਮ ਦੇ ਨਾਮ

ਨਵੇਂ ਨੇਮ ਵਿਚ ਕਲੀਸੀਆ ਨੂੰ ਦਿੱਤੇ ਗਏ ਕੁਝ ਨਾਮ ਕਲੀਸੀਆ ਦੇ ਦੇਹ ਭਾਵ ਇਕ ਜੀਉਂਦੀ ਵਸਤੂ ਦੇ ਰੂਪ ਵਿਚ ਹੋਣ ਦਾ ਸੰਕੇਤ ਹਨ। ਨਾਂਵਾਂ ਤੋਂ ਪਤਾ ਲਗਦਾ ਹੈ ਕਿ ਪ੍ਰਭੂ ਦੀ ਕਲੀਸੀਆ ਦਾ ਮਕਸਦ, ਮਨੋਰਥ ਅਤੇ ਕੰਮ ਕੀ ਹੈ।

ਜਿਸ ਨੂੰ ਮਸੀਹ ਨੇ ਕਾਇਮ ਕੀਤੀ ਉਸ ਨੂੰ ਆਮ ਤੌਰ ਤੇ ''ਕਲੀਸੀਆ'' ਕਿਹਾ ਜਾਂਦਾ ਹੈ (ਕੁਲੁਸੀਆਂ 1:18, 24)। ਇਸ ਸ਼ਬਦ ਦਾ ਅਰਥ ਹੈ ''ਲੋਕਾਂ ਦੀ ਇਕ ਸਭਾ ਜੋ ਪ੍ਰਭੂ ਦੀ ਪੈਰੋਕਾਰ ਬਣ ਗਈ ਹੈ।'' ਇਨ੍ਹਾਂ ਲੋਕਾਂ ਨੂੰ ਸਮੂਹਕ ਅਰਥ ਵਿਚ (1 ਕੁਰਿੰਥੀਆਂ 11:18), ਸਥਾਨਕ ਅਰਥ ਵਿਚ (1 ਕੁਰਿੰਥੀਆਂ 1:2), ਖੇਤਰੀ ਅਰਥ ਵਿਚ (1 ਕੁਰਿੰਥੀਆਂ 16:1), ਅਤੇ ਵਿਸ਼ਵਵਿਆਪੀ ਅਰਥ ਵਿਚ (ਅਫ਼ਸੀਆਂ 5:23) ਸੰਬੋਧਿਤ ਕੀਤਾ ਜਾਂਦਾ ਹੈ। ਇਹ ਨਾਮ ਉਸ ਦੇ ਮੂਲ ਅਰਥ ਦਾ ਐਲਾਨ ਕਰਦੇ ਹਨ ਜਿਸ ਨੂੰ ਮਸੀਹ ਨੇ ਕਾਇਮ ਕੀਤਾ। ਇਹ ਉਸ ਦੇ ਲਹੂ ਰਾਹੀਂ ਛੁਟਕਾਰਾ ਪਾਏ ਹੋਏ ਲੋਕਾਂ ਦਾ ਸਮੂਹ ਹੈ ਜਿਹੜਾ ਉਹਦੇ ਲਈ ਜੀਉਂਦਾ ਹੈ, ਉਸ ਦੀ ਬੰਦਗੀ ਕਰਦਾ ਹੈ ਅਤੇ ਉਸ ਦਾ ਕੰਮ ਕਰਦਾ ਹੈ।

ਕਲੀਸੀਆ ਦੇ ਲੋਕਾਂ ਨੂੰ ''ਮਸੀਹੀ'' ਕਹਿ ਕੇ ਸੱਦਿਆ ਜਾਂਦਾ ਹੈ, ਕਿਉਂਕਿ ਉਹ ਮਸੀਹ ਵਰਗੇ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। (''ਮਸੀਹੀ'' ਸ਼ਬਦ ਤੋਂ ਭਾਵ ਹੈ ''ਮਸੀਹ ਵਰਗਾ'' ਜਾਂ ''ਮਸੀਹ ਦਾ ਪੈਰੋਕਾਰ।'') ਨਾਮ ਮਸੀਹੀ ਸਭ ਤੋਂ ਪਹਿਲਾਂ ਚੇਲਿਆਂ ਨੂੰ

ਅੰਤਾਕੀਆ ਵਿਚ ਮਿਲਿਆ ਸੀ (ਰਸੂਲਾਂ ਦੇ ਕੰਮ 11:26)। ਇਸ ਨਾਮ ਦੇ ਦਿੱਤੇ ਜਾਣ ਦਾ ਪਿਛੋਕੜ ਸਪਸ਼ਟ ਨਹੀਂ ਹੈ, ਪਰ ਐਨਾ ਪਤਾ ਲਗ ਸਕਦਾ ਹੈ ਕਿ ਪ੍ਰਮੇਸ਼ਵਰ ਨੇ ਇਹ ਨਾਂ ਆਪਣੇ ਲੋਕਾਂ ਲਈ ਚੁਣਿਆ। ਇਹ ਨਾਮ ਨਵੇਂ ਨੇਮ ਵਿਚ ਤਿੰਨ ਵਾਰ ਮਿਲਦਾ ਹੈ (ਰਸੂਲਾਂ ਦੇ ਕੰਮ 11:26; 26:28; 1 ਪਤਰਸ 4:16)।

ਬਾਈਬਲ ਵਿਚ ਕਲੀਸੀਆ ਦੇ ਲੋਕਾਂ ਨੂੰ ''ਸੰਤ'' ਵੀ ਕਿਹਾ ਗਿਆ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਪ੍ਰਮੇਸ਼ਵਰ ਦੇ ਚੁਣੇ ਹੋਏ ਲੋਕਾਂ ਦੇ ਰੂਪ ਵਿਚ ਵੱਖ ਕੀਤਾ ਗਿਆ ਹੈ। ਪੌਲੁਸ ਨੇ ਅਫ਼ਸੀਆਂ ਨੂੰ ਇਹ ਕਹਿੰਦੇ ਹੋਏ ਲਿਖਿਆ ਸੀ, ''ਲਿਖਤੁਮ ਪੌਲੁਸ ਜਿਹੜਾ ਪ੍ਰਮੇਸ਼ਵਰ ਦੀ ਇੱਛਾ ਤੋਂ ਮਸੀਹ ਯਿਸੂ ਦਾ ਰਸੂਲ ਹਾਂ। ਅੱਗੇ ਜੋਗ ਉਨ੍ਹਾਂ ਸੰਤਾਂ ਨੂੰ ਜਿਹੜੇ ਅਫ਼ਸੁਸ ਵਿਚ ਵੱਸਦੇ ਹਨ ਅਤੇ ਮਸੀਹ ਯਿਸੂ ਵਿਚ ਨਿਹਚਾਵਾਨ ਹਨ'' (ਅਫ਼ਸੀਆਂ 1:1)। ਤੀਤੁਸ 2:14 ਵਿਚ ਇਨ੍ਹਾਂ ਨੂੰ ''ਖਾਸ ਕੌਮ'' ਕਿਹਾ ਗਿਆ ਹੈ। ''ਸੰਤ'' ਦਾ ਮੂਲ ਅਰਥ ਹੈ ''ਪ੍ਰਮੇਸ਼ਵਰ ਲਈ ਵੱਖ ਕੀਤੇ ਹੋਏ।'' ਪ੍ਰਮੇਸ਼ਵਰ ਦੀ ਕਲੀਸੀਆ ਪ੍ਰਮੇਸ਼ਵਰ ਦੇ ''ਆਪਣੇ ਲਈ ਖ਼ਾਸ ਕੌਮ,'' ਭਾਵ ਸੰਤ, ਭਾਵ ਪ੍ਰਮੇਸ਼ਵਰ ਦੇ ਵੱਖ ਕੀਤੇ ਹੋਏ ਲੋਕ ਜਿਨ੍ਹਾਂ ਉਤੇ ਉਸ ਦਾ ਹੱਕ ਹੈ। ਮਸੀਹੀ ਲੋਕਾਂ ਨੂੰ ਪਵਿੱਤਰ ਬੁਲਾਹਟ ਨਾਲ ਬੁਲਾਇਆ ਗਿਆ ਹੈ (2 ਤਿਮੋਥਿਉਸ 1:9); ਉਨ੍ਹਾਂ ਨੂੰ ਪਵਿੱਤਰ ਚਾਲ ਚਲਣ ਅਤੇ ਭਗਤੀ ਨਾਲ ਜੀਵਨ ਬਿਤਾਉਣਾ ਜ਼ਰੂਰੀ ਹੈ (2 ਪਤਰਸ 3:11); ਉਹ ਅੰਤ ਦੇ ਦਿਨ ਉਸ ਦੇ ਸਾਹਮਣੇ ''ਪਵਿੱਤਰ, ਨਿਰਦੋਸ਼ ਅਤੇ ਬੇ-ਇਲਜ਼ਾਮ'' (ਕੁਲੁੱਸੀਆ 1:22) ਖੜੇ ਹੋਣਾ ਚਾਹੁੰਦੇ ਹਨ।

ਕੁਝ ਅਨੁਵਾਦਾਂ ਵਿਚ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਦੀ ਇੰਜੀਲ ਦੀਆਂ ਕਿਤਾਬਾਂ ਦੇ ਸਿਰਲੇਖਾਂ ਵਿਚ ''ਸੰਤ'' ਜੋੜਿਆ ਗਿਆ ਹੈ ਅਤੇ ਪ੍ਰਕਾਸ਼ ਦੀ ਪੋਥੀ ਦੇ ਸਿਰਲੇਖ ਵਿਚ ''ਸੰਤ ਯੂਹੰਨਾ ਦਾ ਪ੍ਰਕਾਸ਼'' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਨਵੇਂ ਨੇਮ ਦੀਆਂ ਕਿਤਾਬਾਂ ਦੇ ਇਹ ਸਿਰਲੇਖ ਇਨਸਾਨ ਨੇ ਬਣਾਏ ਹਨ, ਪ੍ਰਮੇਸ਼ਵਰ ਨੇ ਨਹੀਂ। ਨਵਾਂ ਨੇਮ ਮਸੀਹ ਵਿਚ ਹਰ ਵਿਅਕਤੀ ਨੂੰ ''ਸੰਤ'' ਦਾ ਦਰਜਾ ਦਿੰਦਾ ਹੈ। ਕਲੀਸੀਆ ਨੂੰ ਤਾਂ ''ਸੰਤਾਂ ਦੀਆਂ ਸਾਰੀਆਂ ਕਲੀਸੀਆਵਾਂ'' ਤਕ ਕਿਹਾ ਗਿਆ ਹੈ (1 ਕੁਰਿੰਥੀਆਂ 14:33)। ਮਸੀਹੀ ਬਣਨ ਵਾਲੇ ਲੋਕਾਂ ਨੂੰ ਪ੍ਰਮੇਸ਼ਵਰ ਲਈ ਵੱਖ ਕਰ ਦਿੱਤਾ ਜਾਂਦਾ ਹੈ।

ਇਸ ਦੇ ਇਲਾਵਾ, ਕਲੀਸੀਆ ਨੂੰ ''ਦੇਹ'' ਵੀ ਕਿਹਾ ਗਿਆ ਹੈ (ਅਫ਼ਸੀਆਂ 1:22, 23)। ਇਸ ਸ਼ਬਦ ਨੂੰ ਕਈ ਵਾਰ ਕਲੀਸੀਆ ਦੇ ਕੰਮ ਦੇ ਉਦਾਹਰਣ ਦੇ ਤੌਰ ਤੇ ਵਰਤਿਆ ਜਾਂਦਾ ਹੈ (1 ਕੁਰਿੰਥੀਆਂ 12:12-27) ਅਤੇ ਕਈ ਵਾਰ ਪਛਾਣ ਦੇ ਤੌਰ ਤੇ, ਇਹ ਦੱਸਣ ਲਈ ਕਿ ਕਲੀਸੀਆ ਅਸਲ 'ਚ ਕੀ ਹੈ। ''ਮਸੀਹ ਦੀ ਦੇਹ'' ਵਾਕ ਦੀ ਵਰਤੋਂ ਨਾਮ ਦੇ ਰੂਪ ਵਿਚ ਕਰਨ ਤੇ ਇਸ ਦੇ ਕੰਮ ਦੇ ਨਾਲ ਨਾਲ ਮਸੀਹ ਨਾਲ ਇਸ ਦੇ ਸਬੰਧ ਤੇ ਵੀ ਜ਼ੋਰ ਦਿੰਦਾ ਹੈ ਕਿ ਕਲੀਸੀਆ ਧਰਤੀ ਤੇ ਮਸੀਹ ਦੀ ਆਤਮਿਕ ਦੇਹ ਹੈ ਅਤੇ ਇਹ ਮਸੀਹ ਨਾਲ ਦੇਹ ਦੇ ਰੂਪ ਸਿਰ ਨਾਲ ਜੁੜੀ ਹੋਈ ਹੈ। ਮਸੀਹ ਦੀ ਇਸ ਰੂਹਾਨੀ ਦੇਹ ਵਿਚ, ਹਰ ਮਸੀਹੀ ਨੂੰ ਦੇਹ ਦੇ ''ਅੰਗਾਂ'' ਵਾਂਗ ਕੰਮ ਕਰਨ ਲਈ ਕਿਹਾ ਜਾਂਦਾ ਹੈ, ਕਿਉਂਕਿ ਹਰ ਮਸੀਹੀ ਇਸ ਦਾ ਅੰਗ ਹੈ ਅਤੇ ਦੇਹ ਦੇ ਅੰਗ ਦੇ ਤੌਰ ਤੇ ਕੰਮ ਕਰਦਾ ਹੈ। ਪੌਲੁਸ ਨੇ ਕੁਰਿੰਥੁਸ ਵਿਚ ਕਲੀਸੀਆ ਲਈ ਕਿਹਾ ਕਿ ''ਹੁਣ ਤੁਸੀਂ ਰਲ ਕੇ ਮਸੀਹ ਦਾ ਸਰੀਰ ਹੋ ਅਤੇ ਇਕ ਇਕ ਕਰਕੇ ਉਹਦੇ ਅੰਗ ਹੋ'' (1 ਕੁਰਿੰਥੀਆਂ 12:27)।

ਕਲੀਸੀਆ ਨੂੰ ''ਰਾਜ'' ਕਹਿ ਕੇ ਵੀ ਸੰਬੋਧਿਤ ਕੀਤਾ ਗਿਆ ਹੈ (ਰਸੂਲਾਂ ਦੇ ਕੰਮ 8:12)। ਕਈ ਵਾਰ ''ਸਵਰਗ ਦਾ ਰਾਜ'' (ਮੱਤੀ 16:18, 19) ਅਤੇ ਕਈ ਵਾਰ ''ਪ੍ਰਮੇਸ਼ਵਰ ਦਾ ਰਾਜ'' (ਯੂਹੰਨਾ 3:3) ਅਭਿਵਿਅਕਤੀ ਦੀ ਵਰਤੋਂ ਵੀ ਹੁੰਦੀ ਹੈ। ਦੋਵੇਂ ਸ਼ਬਦਾਵਲੀਆਂ

ਕਲੀਸੀਆ/ਰਾਜ ਦੇ ਅਧਿਕਾਰ ਅਤੇ ਹਕੂਮਤ ਦੇ ਰੂਹਾਨੀ ਸੁਭਾਅ ਨੂੰ ਦਰਸਾਉਂਦੀਆਂ ਹਨ (ਯੂਹੰਨਾ 18:36)। ਕਲੀਸੀਆ ਮਸੀਹ ਦੇ ਪੈਰੋਕਾਰਾਂ ਦਾ ਇਕ ਜਮਾਤ ਹੈ, ਜਿਨ੍ਹਾਂ ਨੇ ਧਰਤੀ ਤੇ ਪ੍ਰਮੇਸ਼ਵਰ ਦੀ ਹਕੂਮਤ ਨੂੰ ਮੰਨ ਲਿਆ ਹੈ। ਮਸੀਹ ਰਾਜਾ ਹੈ ਅਤੇ ਉਹ ਆਪਣੇ ਰਾਜ ਭਾਵ ਕਲੀਸੀਆ ਉੱਤੇ ਹਕੂਮਤ ਕਰ ਰਿਹਾ ਹੈ (1 ਕੁਰਿੰਥੀਆਂ 15:24, 25)। ਜਿਸ ਕਰਕੇ ਉਹ ਕਲੀਸੀਆ ਦਾ ਰੂਹਾਨੀ ਮੁਖੀ ਭਾਵ ਰਾਜਾ ਹੈ ਅਤੇ ਇਹ ਉਸ ਦੇ ਖ਼ੁਦਾਈ ਇਖ਼ਤਿਆਰ ਨਾਲ ਚਲਦੀ ਹੈ। ਕਲੀਸੀਆ ਦੇ ਲੋਕਾਂ ਨੇ ਯਿਸੂ ਰਾਜੇ ਦੇ ਅਧਿਕਾਰ ਨੂੰ ਮੰਨ ਲਿਆ ਹੈ ਅਤੇ ਉਸ ਦੇ ਆਤਮਿਕ ਰਾਜ ਦੀ ''ਪਰਜਾ'' ਦੇ ਰੂਪ ਵਿਚ ਰਹਿੰਦੇ ਹਨ (ਫ਼ਿਲਿੱਪੀਆਂ 3:20), ਵੱਸਦੇ ਭਾਵੇਂ ਉਹ ਧਰਤੀ ਤੇ ਹੀ ਹਨ।

ਜੋ ਲੋਕ ਪ੍ਰਮੇਸ਼ਵਰ ਦੇ ਰਾਜ ਵਿਚ ਹਨ, ਉਨ੍ਹਾਂ ਨੂੰ ਸਵਰਗ ਦੇ ਰਾਜ ਦੇ ''ਲੋਕਾਂ'' ਦੇ ਰੂਪ ਵਿਚ ਦਰਸਾਇਆ ਗਿਆ ਹੈ (ਮੱਤੀ 16:18, 19)। ਪੌਲੁਸ ਨੇ ਕਿਹਾ, ''ਕਿਉਂ ਜੋ ਅਸੀਂ ਸਵਰਗ ਦੀ ਪਰਜਾ ਹਾਂ ਜਿੱਥੋਂ ਅਸੀਂ ਇਕ ਮੁਕਤੀਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ'' (ਫ਼ਿਲਿੱਪੀਆਂ 3:20)। ਉਸ ਨੇ ਇਹ ਵੀ ਲਿਖਿਆ, ''ਸੋ ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪ੍ਰਮੇਸ਼ਵਰ ਦੇ ਘਰਾਣੇ ਦੇ ਹੋ। ਅਤੇ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹ ਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ'' (ਅਫ਼ਸੀਆਂ 2:19, 20)। ਮਸੀਹ ਸਾਡਾ ਰਾਜਾ ਹੈ (1 ਕੁਰਿੰਥੀਆਂ 15:24, 25), ਅਤੇ ਉਸ ਦੇ ਰਾਜ ਵਿਚ ਉਹੀ ਲੋਕ ਹਨ ਜੋ ਮਸੀਹ ਦੀ ਹਕੂਮਤ ਵਿਚ ਰਹਿੰਦੇ ਹਨ (ਮੱਤੀ 7:21)।

ਮਸੀਹੀ ਲੋਕ ਅਨਾਦੀ ਰਾਜ ਦੇ ਲੋਕ ਹਨ, ਜਿਸ ਦੀ ਗੱਲ ਪੁਰਾਣੇ ਨੇਮ ਵਿਚ ਦਾਨੀਏਲ ਨਬੀ ਨੇ ਕੀਤੀ ਸੀ (ਦਾਨੀਏਲ 2:44)। ਇਬਰਾਨੀਆਂ ਦੇ ਲੇਖਕ ਨੇ ਇਕ ''ਨਾ ਹਿਲਾਏ ਜਾ ਸਕਣ ਵਾਲੇ'' ਰਾਜ ਦਾ ਜ਼ਿਕਰ ਕੀਤਾ ਹੈ: ''ਸੋ ਜਦੋਂ ਸਾਨੂੰ ਇਕ ਰਾਜ ਮਿਲਿਆ ਜਿਹੜਾ ਹਿਲਾਇਆ ਨਹੀਂ ਜਾਂਦਾ ਤਾਂ ਆਓ, ਅਸੀਂ ਧੰਨਵਾਦ ਕਰੀਏ ...'' (ਇਬਰਾਨੀਆਂ 12:28)। ਅਗਲੀ ਵਾਰ ਜਦ ਕੋਈ ਤੁਹਾਨੂੰ ਪੁੱਛੇ, ਕਿ ਤੁਸੀਂ ਅੱਜ ਤੋਂ ਇਕ ਹਜ਼ਾਰ ਸਾਲ ਬਾਅਦ ਕਿੱਥੇ ਹੋਵੋਗੇ, ਤਾਂ ਜੇ ਤੁਸੀਂ ਮਸੀਹੀ ਹੋ, ਤਾਂ ਖ਼ੁਦ ਦੱਸ ਸਕਦੇ ਹੋ ਕਿ ''ਮੈਂ ਅਨਾਦੀ ਰਾਜ ਵਿਚ ਹੋਵਾਂਗਾ!'' ਪ੍ਰਮੇਸ਼ਵਰ ਦਾ ਰਾਜ ਅੱਜ ਜਾਂ ਕੱਲ੍ਹ ਤਕ ਰਹਿਣ ਵਾਲਾ ਨਹੀਂ ਹੈ ਸਗੋਂ ਇਹ ਤਾਂ ਅਨਾਦੀ ਕਾਲ ਦਾ ਰਾਜ ਹੈ ਜੋ ਹਮੇਸ਼ਾ ਤਕ ਰਹੇਗਾ।

## ਮਾਲਕੀ ਦੇ ਨਾਮ

ਨਵੇਂ ਨੇਮ ਵਿਚ ਕਲੀਸੀਆ ਨੂੰ ਸੰਬੋਧਿਤ ਕਰਨ ਲਈ ਤਿੰਨ ਢੰਗ ਮਲਕੀਅਤ ਵਰਗੇ ਸਬੰਧ ਤੇ ਜ਼ੋਰ ਦਿੰਦੇ ਹਨ ਜੋ ਕਲੀਸੀਆ ਦਾ ਪ੍ਰਮੇਸ਼ਵਰ ਅਤੇ ਮਸੀਹ ਨਾਲ ਹੈ। ਇਨ੍ਹਾਂ ਵਾਕਾਂ ਤੋਂ ਮਲਕੀਅਤ ਅਤੇ ਅਗਵਾਈ ਦਾ ਸੁਝਾਅ ਮਿਲਦਾ ਹੈ।

ਪਹਿਲਾ, ਕਲੀਸੀਆ ਨੂੰ ''ਮਸੀਹ ਦੀ ਕਲੀਸੀਆ'' ਕਿਹਾ ਗਿਆ ਹੈ। ਰੋਮੀਆਂ ਦੇ ਨਾਂ ਆਪਣੀ ਪੱਤਰੀ ਦੇ ਅਖ਼ੀਰ ਵਿਚ ਪੌਲੁਸ ਨੇ ਅਖਾਯਾ ਦੀਆਂ ਕਲੀਸੀਆਵਾਂ ਵੱਲੋਂ ਸਲਾਮ ਭੇਜਿਆ: ''ਮਸੀਹ ਦੀਆਂ ਸਾਰੀਆਂ ਕਲੀਸੀਆਵਾਂ ਤੁਹਾਡੀ ਸੁੱਖ ਸਾਂਦ ਪੁੱਛਦੀਆਂ ਹਨ'' ਜਾਂ ਤੁਹਾਨੂੰ ਸਲਾਮ ਆਖਦੀਆਂ ਹਨ (ਰੋਮੀਆਂ 16:16)। ਇਹ ਨਾਮ ਕਲੀਸੀਆ ਦੀ ਮਾਲਕੀ ਅਤੇ ਪਛਾਣ ਤੇ ਜ਼ੋਰ ਦਿੰਦਾ ਹੈ। ਕਲੀਸੀਆ ਨੂੰ ਮਸੀਹ ਦੀ ਕਲੀਸੀਆ ਕਿਹਾ ਗਿਆ ਹੈ ਕਿਉਂਕਿ ਮਸੀਹ ਨੇ ਇਸ ਨੂੰ ਬਣਾਇਆ, ਇਸ ਨੂੰ ਖਰੀਦਿਆ, ਇਸ ਦਾ ਮਾਲਕ ਹੈ ਅਤੇ ਇਸ ਦੇ ਸਿਰ ਦੇ ਰੂਪ ਵਿਚ ਕੰਮ ਕਰਦਾ ਹੈ। ਮਸੀਹ ਵਿਚ ਬਦਲਣ ਤੇ ਆਦਮੀ ਮਸੀਹ ਦਾ ਹੋ ਜਾਂਦਾ

ਹੈ (1 ਕੁਰਿੰਥੀਆਂ 6:20)। ਉਸ ਦੀ ਪਛਾਣ ਮਸੀਹ ਨਾਲ ਐਨੀ ਚੰਗੀ ਤਰ੍ਹਾਂ ਹੋ ਜਾਂਦੀ ਹੈ ਕਿ ਉਸ ਨੂੰ ਮਸੀਹੀ ਅਰਥਾਤ ਮਸੀਹ ਨੂੰ ਮੰਨਣ ਵਾਲਾ ਕਿਹਾ ਜਾਂਦਾ ਹੈ (ਰਸੂਲਾਂ ਦੇ ਕੰਮ 11:26; 26:28; 1 ਪਤਰਸ 4:16)। ਫਿਰ, ਇਹ ਵਿਖਾਉਣ ਲਈ ਕਿ ਕਲੀਸੀਆ ਕੌਣ ਹੈ, ਇਹ ਕਿਸਦੀ ਹੈ, ਅਤੇ ਇਸ ਦੇ ਲੋਕ ਕੌਣ ਹਨ, ਮਸੀਹ ਦੇ ਪੈਰੋਕਾਰਾਂ ਦੀ ਖ਼ਾਸ ਮੰਡਲੀ ਨੂੰ ਮਸੀਹ ਦੀ ਕਲੀਸੀਆ ਸੱਦਿਆ ਜਾਂਦਾ ਹੈ।

ਦੂਸਰਾ, ਕਲੀਸੀਆ ਨੂੰ ‘‘ਪ੍ਰਮੇਸ਼ਵਰ ਦੀ ਕਲੀਸੀਆ’’ ਕਿਹਾ ਗਿਆ ਹੈ (1 ਕੁਰਿੰਥੀਆਂ 1:2)। ਨਵੇਂ ਨੇਮ ਵਿਚ ਜੇ ਕਲੀਸੀਆ ਨੂੰ ਮਸੀਹ ਦੀ ਕਲੀਸੀਆ ਕਿਹਾ ਗਿਆ ਹੈ, ਤਾਂ ਸਾਨੂੰ ਇਸ ਨੂੰ ਪ੍ਰਮੇਸ਼ਵਰ ਦੀ ਕਲੀਸੀਆ ਦੇ ਰੂਪ ਵਿਚ ਹੋਣ ਦੀ ਵੀ ਉਮੀਦ ਰੱਖਣੀ ਚਾਹੀਦੀ ਹੈ, ਕਿਉਂਕਿ ਮਸੀਹ ਨੇ ਕਿਹਾ ਸੀ ਕਿ ਉਹ ਅਤੇ ਉਸ ਦਾ ਪਿਤਾ ਇਕ ਹਨ (ਯੂਹੰਨਾ 10:30)। ਪ੍ਰਮੇਸ਼ਵਰ ਨੇ ਕਲੀਸੀਆ ਦੀ ਯੋਜਨਾ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਬਣਾਈ (ਅਫ਼ਸੀਆਂ 3:10, 11)। ਉਸ ਨੇ ਮਸੀਹ ਨੂੰ ਕਲੀਸੀਆ ਦੀ ਤਿਆਰੀ ਕਰਨ (ਮੱਤੀ 16:18) ਅਤੇ ਆਪਣੇ ਲਹੂ ਨਾਲ ਮੁੱਲ ਲੈਣ (ਰਸੂਲਾਂ ਦੇ ਕੰਮ 20:28) ਲਈ ਸੰਸਾਰ ਵਿਚ ਭੇਜਿਆ। ਸਲੀਬ ਉੱਤੇ ਸੰਸਾਰ ਨੂੰ ਮਸੀਹ ਵਿਚ ਆਪਣੇ ਨਾਲ ਮਿਲਾਉਂਦੇ ਹੋਏ (2 ਕੁਰਿੰਥੀਆਂ 5:19), ਪ੍ਰਮੇਸ਼ਵਰ ਕਲੀਸੀਆ ਨੂੰ ਕਾਇਮ ਕਰਨ ਅਤੇ ਉਸ ਨੂੰ ਖਰੀਦਣ ਵਿਚ ਮਸੀਹ ਦੇ ਨਾਲ ਸੀ।

ਤੀਸਰਾ, ਕਲੀਸੀਆ ਦੇ ਲੋਕਾਂ ‘‘ਸੇਵਕ’’ ਜਾਂ ‘‘ਦਾਸਾਂ’’ ਦੇ ਰੂਪ ਵਿਚ ਦੱਸਿਆ ਗਿਆ ਹੈ। ਮਸੀਹ ਅੱਗੇ ਸਮਰਪਣ ਕਰਨ ਅਤੇ ਉਸ ਦੀ ਗੱਲ ਮੰਨਣ ਵਾਲੇ ਸੇਵਕ ਹੀ ਹਨ। ਨਵੇਂ ਨੇਮ ਦੇ ਲਿਖੇ ਜਾਣ ਸਮੇਂ, ਗੁਲਾਮ/ਮਾਲਕ ਸਬੰਧ ਰੋਮੀ ਹਕੂਮਤ ਦੇ ਸਮਾਜ ਦਾ ਹਿੱਸਾ ਸੀ। ਗੁਲਾਮ ਪੂਰੀ ਤਰ੍ਹਾਂ ਨਾਲ ਆਪਣੇ ਮਾਲਕ ਦੇ ਅਧੀਨ ਹੁੰਦਾ ਸੀ। ਉਸ ਨੂੰ ਕੋਈ ਹੱਕ ਨਹੀਂ ਹੁੰਦਾ ਸੀ ਅਤੇ ਨਾ ਹੀ ਉਸ ਦੀ ਕੋਈ ਅਸਲ ਜਾਇਦਾਦ ਹੁੰਦੀ ਸੀ। ਉਹ ਆਪਣੇ ਆਪ ਦਾ ਵੀ ਨਹੀਂ ਹੁੰਦਾ ਸੀ। ਹੈਰਾਨੀ ਦੀ ਗੱਲ ਨਹੀਂ ਕਿ ਮਸੀਹ ਅੱਗੇ ਸਾਡੇ ਸਮਰਪਣ ਅਤੇ ਉਸ ਦੇ ਵਚਨ ਨੂੰ ਮੰਨਣ ਤੇ ਸਾਡੀ ਜ਼ਿੰਦਗੀ ਲਈ ਇਸੇ ਸ਼ਬਦ ਅਤੇ ਉਦਾਹਰਣ ਦੀ ਵਰਤੋਂ ਕੀਤੀ ਜਾਂਦੀ ਹੈ। ਪੌਲੁਸ ਨੇ ਲਿਖਿਆ ਹੈ, ‘‘ਜੇ ਮੈਂ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ’’ (ਗਲਾਤੀਆਂ 1:10; ਵੇਖੋ ਫ਼ਿਲਿੱਪੀਆਂ 1:1)। ਉਸ ਨੇ ਅੱਗੇ ਕਿਹਾ ‘‘ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇਕ ਉੱਚੀ ਗੱਲ ਨੂੰ ਜਿਹੜੀ ਪ੍ਰਮੇਸ਼ਵਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇਕ ਖਿਆਲ ਨੂੰ ਬੰਧਨ ਵਿਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ’’ (2 ਕੁਰਿੰਥੀਆਂ 10:5)।

ਮਸੀਹੀ ਲੋਕ, ਜਿਨ੍ਹਾਂ ਦਾ ਦਾਅਵਾ ਹੈ ਕਿ ਮਸੀਹ ਉਨ੍ਹਾਂ ਦਾ ਪ੍ਰਭੂ ਹੈ, ਕਿਸੇ ਹੋਰ ਨੂੰ ਪ੍ਰਭੂ ਹੋਣ ਲਈ ਆਪਣੀ ਜ਼ਿੰਦਗੀ ਨਹੀਂ ਦੇ ਸਕਦੇ। ਉਨ੍ਹਾਂ ਲਈ ਆਪਣੀਆਂ ਇੱਛਾਵਾਂ ਨੂੰ ‘‘ਸਲੀਬ ਤੇ ਚੜ੍ਹਾਉਣਾ’’ ਭਾਵ, ਆਪਣੀਆਂ ਪਾਪ ਭਰੀਆਂ ਇਨਸਾਨੀ ਖ਼ਾਹਸ਼ਾਂ ਦਾ ਨਾਸ ਕਰਨ ਅਤੇ ਆਪਣੀ ਜ਼ਿੰਦਗੀ ਵਿਚ ਪ੍ਰਮੇਸ਼ਵਰ ਦੇ ਹੁਕਮਾਂ ਨੂੰ ਸ਼ਾਮਲ ਕਰ ਲੈਣਾ ਜ਼ਰੂਰੀ ਹੈ। ਪੌਲੁਸ ਨੇ ਕਿਹਾ ਹੈ, ‘‘ਪਰ ਮੈਥੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਅਭਿਮਾਨ ਕਰਾਂ ਬਿਨਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ’’ (ਗਲਾਤੀਆਂ 6:14)। ਉਸ ਨੇ ਹੋਰ ਕਿਹਾ, ‘‘ਅਗਾਹਾਂ ਨੂੰ ਕੋਈ ਮੈਨੂੰ ਦੁੱਖ ਨਾ ਦੇਵੇ ਕਿਉਂ ਜੋ ਮੈਂ ਆਪਣੀ ਦੇਹੀ ਉੱਤੇ ਯਿਸੂ ਦੇ ਦਾਗਾਂ ਨੂੰ ਲਈ ਫਿਰਦਾ ਹਾਂ’’ (ਗਲਾਤੀਆਂ 6:17)।

## ਸਬੰਧ ਦੇ ਨਾਮ

ਨਵਾਂ ਨੇਮ ਕਈ ਤਰ੍ਹਾਂ ਨਾਲ ਕਲੀਸੀਆ ਨੂੰ ਸੰਬੋਧਿਤ ਕਰਦੇ ਹੋਏ ਸਬੰਧ ਦੀ ਗੱਲ ਤੇ ਜ਼ੋਰ ਦਿੰਦਾ ਹੈ। ਇਹੀ ਉਮੀਦ ਹੁੰਦੀ ਹੈ, ਕਿਉਂਕਿ ਪ੍ਰਭੂ ਦੀ ਕਲੀਸੀਆ ਵਿਚ ਆ ਜਾਣ ਤੇ ਬਹੁਤ ਸਾਰੇ ਸਬੰਧ ਜੁੜ ਜਾਂਦੇ ਹਨ।

ਗੁਲਾਮ/ਮਾਲਕ ਅਤੇ ਦੇਹ/ਸਿਰ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਸਬੰਧ ਹਨ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ। ''ਮਸੀਹੀ'' ਸ਼ਬਦ ਖੁਦ ਉਸ ਖੂਬਸੂਰਤ ਸਬੰਧ ਨੂੰ ਵਿਖਾਉਂਦਾ ਹੈ ਜਿਹੜਾ ਕਲੀਸੀਆ ਦੇ ਮੈਂਬਰਾਂ ਦਾ ਆਪਣੇ ਪ੍ਰਭੂ ਨਾਲ ਹੈ। ਉਹ ਉਸ ਦੇ ਪੈਰੋਕਾਰ ਹਨ; ਉਸ ਲਈ ਜੀਉਂਦੇ ਹਨ ਅਤੇ ਉਸ ਦਾ ਨਾਮ ਪਹਿਨਦੇ ਹਨ। ਪੌਲੁਸ ਰਸੂਲ ਨੇ ਮਸੀਹੀ ਬਣਨ ਦੇ ਬਾਅਦ ਆਪਣੇ ਧਾਰਮਿਕ ਜੀਵਨ ਨੂੰ ਇਨ੍ਹਾਂ ਪ੍ਰਸਿੱਧ ਸ਼ਬਦਾਂ ਵਿਚ ਬਿਆਨ ਕੀਤਾ ਹੈ, ''ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ'' (ਫ਼ਿਲਿੱਪੀਆਂ 1:21)। ਮਸੀਹ ਪੌਲੁਸ ਦੀ ਜ਼ਿੰਦਗੀ ਵਿਚ ਅੱਵਲ ਹੀ ਨਹੀਂ ਸੀ ਸਗੋਂ ਉਸ ਦੀ ਜ਼ਿੰਦਗੀ ਸੀ! ਪੌਲੁਸ ਦੀ ਜ਼ਿੰਦਗੀ ਦਾ ਜੋੜ ਅਤੇ ਨਿਚੋੜ ਮਸੀਹ ਹੀ ਸੀ। ਉਹ ਇਕ ਸੱਚਾ ਮਸੀਹੀ ਸੀ।

ਨਵਾਂ ਨੇਮ ਕਲੀਸੀਆ ਨੂੰ ''ਪ੍ਰਮੇਸ਼ਵਰ ਦਾ ਘਰਾਣਾ'' ਕਹਿ ਕੇ ਵੀ ਬਿਆਨ ਕਰਦਾ ਹੈ। ਪੌਲੁਸ ਨੇ ਕਿਹਾ ਕਿ ਮਸੀਹੀ ਲੋਕ ''ਪ੍ਰਮੇਸ਼ਵਰ ਦੇ ਘਰਾਣੇ'' ਦੇ ਲੋਕ ਹਨ (ਅਫ਼ਸੀਆਂ 2:19)। ਉਸ ਨੇ ਤਿਮੋਥਿਉਸ ਨੂੰ ਦੱਸਿਆ ਕਿ ਉਹ ਉਸ ਨੂੰ ਇਸ ਲਈ ਲਿਖ ਰਿਹਾ ਹੈ ਤਾਂ ਜੋ ਉਸ ਨੂੰ ਪਤਾ ਲਗ ਜਾਵੇ ਕਿ ਉਸ ਨੂੰ ''ਜੋ ਪ੍ਰਮੇਸ਼ਵਰ ਦੇ ਘਰ ਵਿਚ ਜਿਹੜਾ ਜੀਉਂਦੇ ਪ੍ਰਮੇਸ਼ਵਰ ਦੀ ਕਲੀਸੀਆ ਅਤੇ ਸੱਚਿਆਈ ਦਾ ਥੰਮ੍ਹ ਅਤੇ ਨੀਂਹ ਹੈ ਕਿਸ ਪ੍ਰਕਾਰ ਵਰਤਣਾ ਚਾਹੀਦਾ'' ਹੈ (1 ਤਿਮੋਥਿਉਸ 3:15)। ਮਸੀਹ ਵਿਚ ਮਨਬਦਲੀ ਸਮੇਂ, ਪ੍ਰਮੇਸ਼ਵਰ ਸਾਨੂੰ ਆਪਣੇ ਪਰਿਵਾਰ ਦੇ ਹੱਕ ਅਤੇ ਮਸੀਹ ਨਾਲ ਅਬਦੀ ਜ਼ਿੰਦਗੀ ਦੇ ਵਾਰਸ ਬਣਾ ਕੇ ਸਾਨੂੰ ਆਪਣੀ ਸੰਤਾਨ ਬਣਾ ਕੇ ਗੋਦ ਲੈ ਲੈਂਦਾ ਹੈ (ਰੋਮੀਆਂ 8:15-17; ਅਫ਼ਸੀਆਂ 1:5)। ਮਸੀਹੀ ਲੋਕਾਂ ਦਾ ਇਕ ਸਵਰਗੀ ਪਿਤਾ ਹੈ ਜਿਸ ਅੱਗੇ ਉਹ ਪ੍ਰਾਰਥਨਾ ਕਰਦੇ ਹਨ ਅਤੇ ਇਕ ਪਿਆਰਾ ਮੁਕਤੀਦਾਤਾ ਵੱਡਾ ਭਾਈ ਯਿਸੂ ਹੈ ਜਿਸ ਦੇ ਰਾਹੀਂ ਉਹ ਪ੍ਰਾਰਥਨਾ ਕਰਦੇ ਹਨ। ਭਾਈਆਂ ਅਤੇ ਭੈਣਾਂ ਦੇ ਨਾਤੇ, ਉਹ ਇਕ ਦੂਜੇ ਨਾਲ ਪਿਆਰ ਕਰਦੇ, ਉਨ੍ਹਾਂ ਦੀ ਮਦਦ ਕਰਦੇ, ਅਤੇ ਉਨ੍ਹਾਂ ਨੂੰ ਦਲੇਰੀ ਦਿੰਦੇ ਹਨ (ਰਸੂਲਾਂ ਦੇ ਕੰਮ 2:44)।

ਕਲੀਸੀਆ ਦੇ ਲੋਕਾਂ ਨੂੰ ''ਪ੍ਰਮੇਸ਼ਵਰ ਦੀ ਸੰਤਾਨ'' ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਉਨ੍ਹਾਂ ਦਾ ਪ੍ਰਮੇਸ਼ਵਰ ਨਾਲ ਇਕ ਖ਼ਾਸ ਸਬੰਧ ਹੈ; ਉਹ ਉਨ੍ਹਾਂ ਦਾ ਪਿਤਾ ਹੈ ਅਤੇ ਉਹ ਉਸ ਦੀ ਸੰਤਾਨ ਹਨ। ਵਿਸ਼ਵਾਸੀ ਲੋਕਾਂ ਨੂੰ ਮਸੀਹ ਵਿਚ ਬਪਤਿਸਮਾ ਲੈਣ ਸਮੇਂ ਪ੍ਰਮੇਸ਼ਵਰ ਦੀ ''ਸੰਤਾਨ'' ਦੇ ਰੂਪ ਵਿਚ ਗੋਦ ਲਿਆ ਜਾਂਦਾ ਹੈ (ਅਫ਼ਸੀਆਂ 1:5)। ਸੰਤਾਨ ਹੋਣ ਕਰਕੇ ਮਸੀਹੀ ਲੋਕਾਂ ਨੂੰ ਅਨੰਤ ਮਿਰਾਸ (ਅਫ਼ਸੀਆਂ 1:11) ਅਤੇ ਪ੍ਰਮੇਸ਼ਵਰ ਦੇ ਸੰਸਾਰਕ ਪਰਿਵਾਰ ਦੀ ਸ਼ਕਤੀ ਅਤੇ ਹਮਾਇਤ ਮਿਲਦੀ ਹੈ (1 ਤਿਮੋਥਿਉਸ 3:15; ਅਫ਼ਸੀਆਂ 2:19-22)। ਇਸ ਰੂਹਾਨੀ ਅਰਥਾਤ ਸਵਰਗੀ ਪਰਿਵਾਰ ਵਿਚ ਪ੍ਰਮੇਸ਼ਵਰ ਪਿਤਾ ਹੈ (ਮੱਤੀ 6:9), ਯਿਸੂ ਵੱਡਾ ਭਾਈ ਹੈ (ਰੋਮੀਆਂ 8:17) ਅਤੇ ਸਭ ਮਸੀਹੀ ਲੋਕ ਆਪਸ ਵਿਚ ਭਾਈ ਅਤੇ ਭੈਣਾਂ ਹਨ (2 ਪਤਰਸ 3:15; 1 ਯੂਹੰਨਾ 2:8-11)।

ਆਪਣੀ ਸੰਤਾਨ ਨਾਲ ਪ੍ਰਮੇਸ਼ਵਰ ਨੂੰ ਖਾਸ ਪਿਆਰ ਹੈ (1 ਯੂਹੰਨਾ 3:1)। ਉਹ ਉਨ੍ਹਾਂ ਨੂੰ ਸ਼ੈਤਾਨ ਤੋਂ ਬਚਾਉਂਦਾ ਹੈ ਅਤੇ ਉਨ੍ਹਾਂ ਦੀਆਂ ਰੋਜ਼ਮੱਰਾ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਯਿਸੂ ਨੇ ਸਿਖਾਇਆ ਹੈ ਕਿ ਜੇ ਸੰਸਾਰਿਕ ਪਿਤਾ ਬੱਚਿਆਂ ਨੂੰ ਚੰਗੀਆਂ ਚੀਜ਼ਾਂ ਦਿੰਦੇ ਹਨ ਤਾਂ ਸਰਵਸ਼ਕਤੀਮਾਨ

ਪ੍ਰਮੇਸ਼ਵਰ ਅਰਥਾਤ ਸਿੱਧ ਸਵਰਗੀ ਪਿਤਾ ਦੀ ਸੰਤਾਨ ਉਸ ਤੋਂ ਉਮੀਦ ਰੱਖ ਸਕਦੀ ਹੈ ਕਿ ਜਦ ਉਹ ਉਸ ਤੋਂ ਮੰਗਣ ਤਾਂ ਉਹ ਉਨ੍ਹਾਂ ਨੂੰ ਉਸੇ ਤੋਂ ਵੀ ਚੰਗੀਆਂ ਚੀਜ਼ਾਂ ਦੇਵੇ! (ਵੇਖੋ ਮੱਤੀ 7:11)।

ਮੁਢਲੀ ਕਲੀਸੀਆ ਦੇ ਲੋਕ ਇਕ ਦੂਜੇ ਨੂੰ ਭਾਈ ਹੀ ਨਹੀਂ ਸਗੋਂ ਮਿੱਤਰ ਵੀ ਮੰਨਦੇ ਸਨ (2 ਪਤਰਸ 3:15; 3 ਯੂਹੰਨਾ 15) ਜੋ ਮਿਲ-ਜੁਲ ਕੇ ਭਾਈਚਾਰੇ ਨਾਲ ਰਹਿੰਦੇ ਹਨ। ਮਸੀਹੀ ਲੋਕ ਮਿੱਤਰਤਾ ਦੀ ਸਰਵੋਤਮ ਮਿਸਾਲ ਹਨ।

ਯੂਹੰਨਾ ਨੇ ਆਪਣੀ ਤੀਸਰੀ ਪੱਤਰੀ ਦੇ ਅਖ਼ੀਰ ਵਿਚ ਲਿਖਿਆ ਹੈ, ‘‘ਤੈਨੂੰ ਸ਼ਾਂਤੀ ਪ੍ਰਾਪਤ ਹੋਵੇ। ਸਾਡੇ ਮਿੱਤਰ ਤੇਰੀ ਸੁੱਖ ਸਾਂਦ ਪੁੱਛਦੇ ਹਨ। ਤੂੰ ਸਾਡੇ ਮਿੱਤਰਾਂ ਨੂੰ ਨਾਮ ਲੈ ਲੈ ਕੇ ਸੁੱਖ ਸਾਂਦ (ਸਲਾਮ) ਆਖੀਂ’’ (3 ਯੂਹੰਨਾ 14)। ਉਸ ਨੇ ਆਪਣੇ ਆਂਢ ਗੁਆਂਢ ਦੇ ਮਸੀਹੀ ਲੋਕਾਂ ਨੂੰ ‘‘ਮਿੱਤਰ’’ ਦੱਸਿਆ ਅਤੇ ਉਨ੍ਹਾਂ ਮਸੀਹੀ ਲੋਕਾਂ ਨੂੰ ਵੀ ‘‘ਮਿੱਤਰ’’ ਕਿਹਾ ਜਿਨ੍ਹਾਂ ਨੂੰ ਉਹ ਚਿੱਠੀ ਮਿਲਣੀ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਮਿੱਤਰ ਕਿਹਾ ਅਤੇ ਕੋਈ ਸ਼ੱਕ ਨਹੀਂ ਕਿ ਯੂਹੰਨਾ ਨੇ ਇਹ ਸ਼ਬਦ ਯਿਸੂ ਦੀ ਉਦਾਹਰਨ ’ਚੋਂ ਹੀ ਲਿਆ। ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਸੀ:

> ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ। ਜੇ ਤੁਸੀਂ ਉਹ ਕੰਮ ਕਰੋ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਤਾਂ ਤੁਸੀਂ ਮੇਰੇ ਮਿੱਤਰ ਹੋ। ਹੁਣ ਤੋਂ ਅੱਗੇ ਮੈਂ ਤੁਹਾਨੂੰ ਦਾਸ ਨਹੀਂ ਆਖਾਂਗਾ ਕਿਉਂ ਜੋ ਦਾਸ ਨਹੀਂ ਜਾਣਦਾ ਭਈ ਉਹ ਦਾ ਮਾਲਕ ਕੀ ਕਰਦਾ ਹੈ, ਪਰ ਮੈਂ ਤੁਹਾਨੂੰ ਮਿੱਤਰ ਕਰਕੇ ਆਖਿਆ ਹੈ ਕਿਉਂਕਿ ਮੈਂ ਜੋ ਕੁਝ ਆਪਣੇ ਪਿਤਾ ਕੋਲੋਂ ਸੁਣਿਆ ਸੋ ਸਭ ਤੁਹਾਨੂੰ ਦੱਸ ਦਿੱਤਾ (ਯੂਹੰਨਾ 15:13-15) ।

ਕਿਸੇ ਨੇ ਕਿਹਾ ਹੈ, ‘‘ਦੋਸਤ ਉਹ ਹੈ, ਜੋ ਉਦੋਂ ਵੀ ਤੁਹਾਡੇ ਨਾਲ ਰਹੇ ਜਦ ਸਭ ਤੁਹਾਡਾ ਸਾਥ ਛੱਡ ਦੇਣ।’’ ਯਿਸੂ ਅਜਿਹਾ ਹੀ ਇਕ ਦੋਸਤ ਹੈ। ਜਦ ਕੋਈ ਵੀ ਸਾਡੀ ਮਦਦ ਨਹੀਂ ਕਰ ਸਕਦਾ ਸੀ ਤਾਂ ਉਸ ਨੇ ਸਾਡੇ ਲਈ ਆਪਣਾ ਆਪ ਦੇ ਦਿੱਤਾ। ਮਸੀਹੀ ਲੋਕਾਂ ਨੂੰ ਇਸੇ ਤਰ੍ਹਾਂ ਇਕ ਦੂਜੇ ਦੇ ਮਿੱਤਰ ਬਣਨ ਦੀ ਲੋੜ ਹੈ (1 ਯੂਹੰਨਾ 3:16)। ਮਸੀਹੀ ਲੋਕ ‘‘ਮਿੱਤਰ’’ ਹਨ।

ਪਹਿਲੀ ਸਦੀ ਦੀ ਕਲੀਸੀਆ ਨੂੰ ਆਮ ਤੌਰ ਤੇ ‘‘ਪ੍ਰਭੂ ਦੇ ਚੇਲੇ’’ (ਰਸੂਲਾਂ ਦੇ ਕੰਮ 9:1) ਜਾਂ ਸਿਰਫ਼ ‘‘ਚੇਲੇ’’ (ਰਸੂਲਾਂ ਦੇ ਕੰਮ 9:26; 11:26) ਕਿਹਾ ਜਾਂਦਾ ਸੀ। ‘‘ਚੇਲੇ’’ ਸ਼ਬਦ ਦਾ ਅਰਥ ਹੈ ਸ਼ਗਿਰਦ ਜਾਂ ਪੈਰੋਕਾਰ; ਇਸ ਤੋਂ ਮਸੀਹੀ ਅਤੇ ਪ੍ਰਭੂ ਦੇ ਦਰਮਿਆਨ ਦੋ ਤਰ੍ਹਾਂ ਦੇ ਸਬੰਧਾਂ ਦਾ ਪਤਾ ਲਗਦਾ ਹੈ। ਚੇਲਾ ਉਹ ਹੁੰਦਾ ਹੈ ਜੋ ਆਪਣੇ ਤੋਂ ਮਹਾਨ ਦੇ ਸਾਹਮਣੇ ਝੁਕ ਜਾਂਦਾ ਹੈ। ਜਿਸ ਨੇ ਆਪਣੇ ਤੋਂ ਕਿਸੇ ਮਹਾਨ ਕੋਲੋਂ ਸਿੱਖਿਆ ਹੈ ਅਤੇ ਉਸ ਦੀ ਹਦਾਇਤ ਨਾਲ ਨਕਲ ਕਰਕੇ ਉਸ ਮਹਾਨ ਤੋਂ ਲਗਾਤਾਰ ਸਿੱਖਣ ਦਾ ਚਾਹਵਾਨ ਹੈ। ਉਹ ਸਿਰਫ਼ ਸੁਣਨ ਵਾਲਾ ਹੀ ਨਹੀਂ ਸਗੋਂ ਸਿੱਖਣ ਅਤੇ ਅਧਿਐਨ ਕਰਨ ਵਾਲਾ ਵੀ ਹੈ। ਉਸ ਦਾ ਪ੍ਰਭੂ ਉਸ ਦਾ ਸੁਆਮੀ ਜਾਂ ਮਾਲਕ, ਉਹਦਾ ਗੁਰੂ ਹੈ (ਯੂਹੰਨਾ 13:13)।

‘‘ਚੇਲਾ’’ ਸ਼ਬਦ ਇੰਜੀਲ ਦੀਆਂ ਕਿਤਾਬਾਂ ਵਿਚ ਖਾਸ ਤੌਰ ਤੇ 238 ਵਾਰ ਵਰਤਿਆ ਗਿਆ ਹੈ। ਰਸੂਲਾਂ ਦੇ ਕੰਮ ਵਿਚ ਇਸ ਦੀ ਵਰਤੋਂ ਕਈ ਵਾਰ ਹੋਈ ਹੈ, ਪਰ ਪੱਤਰੀਆਂ ਜਾਂ ਪ੍ਰਕਾਸ਼ ਦੀ ਪੋਥੀ ਵਿਚ ਇਹ ਨਜ਼ਰ ਨਹੀਂ ਆਉਂਦਾ। ਇੰਜੀਲ ਦੀਆਂ ਕਿਤਾਬਾਂ ਤੋਂ ਰਸੂਲਾਂ ਦੇ ਕੰਮ ਅਤੇ ਉਸ ਤੋਂ ਪੱਤਰੀਆਂ ਵੱਲ ਜਾਣ ਤੇ ਸ਼ਬਦਾਵਲੀ ਵਿਚ ਸਪਸ਼ਟ ਬਦਲਾਅ ਦਾ ਕਾਰਣ ਸ਼ਾਇਦ ਇਹ ਹੈ ਕਿ ਮਸੀਹ ਦੇ ਧਰਤੀ ਤੇ ਰਹਿਣ ਸਮੇਂ, ਉਸ ਦੇ ਪੈਰੋਕਾਰਾਂ ਨੂੰ ਉਹਦੇ ਨਾਲ ਜੁੜੇ ਹੋਣ ਕਰਕੇ ‘‘ਚੇਲੇ’’ ਸੱਦਿਆ ਜਾਂਦਾ ਸੀ। ਬਾਅਦ ਵਿਚ ਰਸੂਲਾਂ ਦੇ ਕੰਮ ਦੀ ਕਿਤਾਬ,

ਪੱਤਰੀਆਂ ਅਤੇ ਪ੍ਰਕਾਸ਼ ਦੀ ਪੋਥੀ ਵਿਚ ਉਨ੍ਹਾਂ ਦੇ ਪਵਿੱਤਰ ਸੱਦੇ ਕਾਰਣ ਉਨ੍ਹਾਂ ਨੂੰ ''ਸੰਤ'' ਜਾਂ ਇਕ ਦੂਜੇ ਨਾਲ ਸਬੰਧ ਵਿਚ ''ਭਾਈ'' ਕਹਿ ਕੇ ਸੱਦਿਆ ਜਾਂਦਾ ਸੀ।

ਉੱਪਰ ਉਠਾਏ ਜਾਣ ਤੋਂ ਪਹਿਲਾਂ ਮਸੀਹ ਨੇ ਆਪਣੇ ਰਸੂਲਾਂ ਨੂੰ ਇਕ ਵੱਡਾ ਹੁਕਮ (ਗ੍ਰੇਟ ਕਮਿਸ਼ਨ) ਦਿੱਤਾ, ''ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:19, 20)। ਇਸ ਤਰ੍ਹਾਂ, ਉਸ ਨੇ ''ਚੇਲਾ'' ਸ਼ਬਦ ਦੀ ਵਰਤੋਂ ਜਾਰੀ ਰੱਖੀ, ਭਾਵੇਂ ਇਹ ਨਵੇਂ ਨੇਮ ਦੇ ਪਿਛਲੇ ਭਾਗ ਵਿਚ ਆਮ ਤੌਰ ਤੇ ਮਿਲਦਾ ਨਹੀਂ ਹੈ।

ਚੇਲਾ ਵਚਨ ਤੇ ਅਮਲ ਕਰਨ ਵਾਲਾ ਹੁੰਦਾ ਹੈ। ਯਾਕੂਬ ਨੇ ਕਿਹਾ ਹੈ, ''ਪਰ ਵਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ... ਨਿਰੇ ਸੁਣਨ ਵਾਲੇ ਹੀ ਨਾ ਹੋਵੋ'' (ਯਾਕੂਬ 1:22)। ਚੇਲਾ ਵਿਦਿਆਰਥੀ ਨਾਲੋਂ ਕਿਤੇ ਵੱਧ ਹੁੰਦਾ ਹੈ ਕਿਉਂਕਿ ਉਹ ਮਸੀਹ ਦੀ ਨਕਲ ਕਰਨ ਵਾਲਾ, ਅਰਥਾਤ ਉਹਦਾ ਪੈਰੋਕਾਰ ਹੈ।

ਇਕ ਹੋਰ ਨਜ਼ਰੀਏ ਤੋਂ, ਨਵੇਂ ਨੇਮ ਦੀ ਕਲੀਸੀਆ ਨੂੰ ''ਪ੍ਰਮੇਸ਼ਵਰ ਦਾ ਮੰਦਿਰ'' ਜਾਂ ਖ਼ੁਦਾ ਦੀ ਹੈਕਲ ਕਿਹਾ ਜਾਂਦਾ ਹੈ। ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਕਿਹਾ ਸੀ, ''ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪ੍ਰਮੇਸ਼ਵਰ ਦੀ ਹੈਕਲ ਹੋ ਅਤੇ ਪ੍ਰਮੇਸ਼ਵਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੈ'' (1 ਕੁਰਿੰਥੀਆਂ 3:16)। ਮਸੀਹੀ ਲੋਕਾਂ ਦੀ ਸਭਾ ਦੇ ਰੂਪ ਵਿਚ ਕਲੀਸੀਆ ਪ੍ਰਮੇਸ਼ਵਰ ਦੇ ਨਿਵਾਸ ਸਥਾਨ ਦਾ ਰੂਪ ਲੈ ਲੈਂਦੀ ਹੈ। ਅੱਜ ਪ੍ਰਮੇਸ਼ਵਰ ਦਾ ਪਵਿੱਤਰ ਸਥਾਨ ਜੀਉਂਦੀ ਦੇਹ ਅਰਥਾਤ ਕਲੀਸੀਆ ਹੈ। ਇਸ ਕਰਕੇ ਮਸੀਹੀ ਲੋਕਾਂ ਨੂੰ ''ਸੰਤ'' ਕਿਹਾ ਗਿਆ ਹੈ। ਕਿਉਂਕਿ ਖੁਸ਼ਖ਼ਬਰੀ ਦੇ ਰਾਹੀਂ ਪਵਿੱਤਰ ਕੰਮ ਕਰਨ ਅਤੇ ਪ੍ਰਮੇਸ਼ਵਰ ਦਾ ਨਿਵਾਸ ਸਥਾਨ ਬਣਨ ਲਈ ਉਨ੍ਹਾਂ ਨੂੰ ਵੱਖ ਕੀਤਾ ਗਿਆ ਹੈ (1 ਕੁਰਿੰਥੀਆਂ 1:2)।

ਇਕ ਆਇਤ ਵਿਚ, ਨਵੇਂ ਨੇਮ ਦੀ ਕਲੀਸੀਆ ਨੂੰ ''ਪਲੌਠਿਆਂ ਦੀ ਕਲੀਸੀਆ'' ਕਹਿ ਕੇ ਸੰਬੋਧਿਤ ਕੀਤਾ ਗਿਆ ਹੈ (ਇਬਰਾਨੀਆਂ 12:23)। ਕਲੀਸੀਆ ਦਾ ਭਵਿੱਖ ਨਾਲ ਡੂੰਘਾ ਸਬੰਧ ਹੈ ਕਿਉਂਕਿ ਇਸ ਦੇ ਹਰ ਮੈਂਬਰ ਦਾ ਨਾਮ ''ਸਵਰਗ ਵਿਚ ਲਿਖਿਆ'' ਹੈ। ਇਕ ਮਸੀਹੀ ਦੇ ਭਵਿੱਖ ਵਿਚ ਉਸ ਅਨੰਤਕਾਲੀ ਜਾਂ ਹਮੇਸ਼ਾ ਰਹਿਣ ਵਾਲੀ ਉਮੀਦ ਦੇ ਕਾਰਣ ਜੋ ਉਸ ਨੂੰ ਮਸੀਹ ਦਿੰਦਾ ਹੈ, ਡਰ ਅਤੇ ਖ਼ੌਫ਼ ਨਹੀਂ ਹੈ। ਇਸ ਤਰ੍ਹਾਂ ਦੇ ਨਾਮਾਂ ਤੋਂ ਇਹ ਸਮਝ ਆਉਂਦੀ ਹੈ ਕਿ ਕਲੀਸੀਆ ਕੀ ਹੈ ਅਤੇ ਕਲੀਸੀਆ ਨੂੰ ਕਿਵੇਂ ਰਹਿਣਾ ਚਾਹੀਦਾ ਹੈ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਮਸੀਹੀ ਲੋਕਾਂ ਨੂੰ ਧਰਤੀ ਉੱਤੇ ਕਿਵੇਂ ਰਹਿਣਾ ਚਾਹੀਦਾ ਹੈ ਅਤੇ ਇਹ ਕਿ ਬਚਾਏ ਹੋਏ ਲੋਕ ਭਵਿੱਖ ਵਿਚ ਪ੍ਰਮੇਸ਼ਵਰ ਨਾਲ ਕਿਵੇਂ ਰਹਿਣਗੇ।

## ਸਾਰ

ਪ੍ਰਮੇਸ਼ਵਰ ਨੇ ਅਬਰਾਮ ਦਾ ਨਾਂਅ ਬਦਲ ਕੇ ਅਬਰਾਹਾਮ ਰੱਖ ਦਿੱਤਾ ਕਿਉਂਕਿ ਅਬਰਾਮ ਨਾਂਅ ਹੁਣ ਉਹਦੇ ਅਰਥ ਨਾਲ ਮੇਲ ਨਹੀਂ ਖਾਂਦਾ ਸੀ। ਅਬਰਾਮ ਨੂੰ ਦੱਸਿਆ ਗਿਆ ਸੀ ਕਿ ਉਹ ਬਹੁਤਿਆਂ ਦਾ ਪਿਤਾ ਹੋਵੇਗਾ (ਉਤਪਤ 17:5)। ਅਬਰਾਹਾਮ ਦਾ ਅਰਥ ਹੈ ''ਉੱਨੱਤ ਪਿਤਾ।'' ਅਬਰਾਮ ਦੇ ਨਾਂ ਦਾ ਅਰਥ ਸੀ ਪਰ ਇਸ ਤੋਂ ਕਿਸੇ ਨੂੰ ਇਹ ਪਤਾ ਨਹੀਂ ਲਗਦਾ ਸੀ ਕਿ ਅਬਰਾਮ ਦਾ ਕੀ ਅਰਥ ਹੋਵੇਗਾ। ਅਬਰਾਮ ਦਾ ਮਤਲਬ ''ਦਲਾਂ ਦਾ ਪਿਤਾ,'' ਉਸ

ਆਦਮੀ ਲਈ ਜਿਸ ਨੇ ਇਕ ਕੌਮ ਦਾ ਪਿਤਾ ਹੋਣਾ ਸੀ, ਬਿਲਕੁਲ ਢੁਕਦਾ ਸੀ। ਪ੍ਰਮੇਸ਼ਵਰ ਵੱਲੋਂ ਅਬਰਾਹਾਮ ਨੂੰ ਦਿੱਤੇ ਨਾਂਅ ਦਾ ਪ੍ਰਮੇਸ਼ਵਰ ਅਤੇ ਅਬਰਾਹਾਮ ਲਈ ਕੁਝ ਅਰਥ ਸੀ। ਇਸੇ ਤਰ੍ਹਾਂ ਜਿਹੜੇ ਨਾਮ ਪ੍ਰਮੇਸ਼ਵਰ ਨੇ ਕਲੀਸੀਆ ਨੂੰ ਦਿੱਤੇ ਉਨ੍ਹਾਂ ਦੀ ਅਹਿਮੀਅਤ ਪ੍ਰਮੇਸ਼ਵਰ ਲਈ ਹੈ ਅਤੇ ਸਾਡੇ ਲਈ ਵੀ ਹੋਣੀ ਜ਼ਰੂਰੀ ਹੈ।

ਨਵੇਂ ਨੇਮ ਦੀ ਕਲੀਸੀਆ ਨੂੰ ਸੰਬੋਧਿਤ ਕਰਨ ਲਈ ਸਹੀ ਤਰੀਕੇ ਦਿੱਤੇ ਗਏ ਹਨ, ਅਤੇ ਉਨ੍ਹਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਕਲੀਸੀਆ ਲਈ ਬਾਈਬਲ ਤੋਂ ਬਾਹਰਲੇ ਨਾਵਾਂ ਦੀ ਵਰਤੋਂ ਨਾਲ ਅਸੀਂ ਇਸ ਦੀ ਪਛਾਣ ਨੂੰ ਖਰਾਬ ਕਰ ਦਿੰਦੇ ਹਾਂ। ਜੇ ਲੋਕਾਂ ਦੀ ਕੋਈ ਮੰਡਲੀ ਨਵੇਂ ਨੇਮ ਦੀ ਕਲੀਸੀਆ ਬਣਨਾ ਚਾਹੁੰਦੀ ਹੈ ਅਤੇ ਚਾਹੁੰਦੀ ਹੈ ਕਿ ਉਸ ਨੂੰ ਨਵੇਂ ਨੇਮ ਦੀ ਕਲੀਸੀਆ ਦੇ ਤੌਰ ਤੇ ਜਾਣਿਆ ਜਾਏ ਤਾਂ ਉਨ੍ਹਾਂ ਨੂੰ ਕਲੀਸੀਆ ਲਈ ਨਵੇਂ ਨੇਮ ਵਿਚ ਦਿੱਤੇ ਨਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕੋਈ ਕਲੀਸੀਆ ਆਪਣੇ ਆਪ ਨੂੰ ਨਵੇਂ ਨੇਮ ਦੇ ਮੁਤਾਬਕ ਕਲੀਸੀਆ ਕਹਿ ਤਾਂ ਸਕਦੀ ਹੈ ਪਰ ਹੋ ਸਕਦਾ ਹੈ ਕਿ ਉਹ ਨਵੇਂ ਨੇਮ ਦੇ ਮੁਤਾਬਕ ਕਲੀਸੀਆ ਨਾ ਹੋਵੇ; ਪਰ ਜੇ ਉਹ ਸੱਚਮੁੱਚ ਨਵੇਂ ਨੇਮ ਦੀ ਕਲੀਸੀਆ ਹੈ, ਤਾਂ ਉਸ ਲਈ ਜ਼ਰੂਰੀ ਹੈ ਕਿ ਉਹਦੀ ਪਛਾਣ ਨਵੇਂ ਨੇਮ ਦੀ ਭਾਸ਼ਾ ਨਾਲ ਹੁੰਦੀ ਹੋਵੇ।

ਅੱਜ ਪ੍ਰਮੇਸ਼ਵਰ ਦੀ ਕਲੀਸੀਆ ਹੋਣ ਦੀ ਵਚਨਬੱਧਤਾ ਮੈਂਬਰਾਂ ਦੇ ਨਾਮ ਅਤੇ ਉਨ੍ਹਾਂ ਦੇ ਵਤੀਰੇ ਨਾਲ ਵਿਖਾਈ ਜਾਣੀ ਚਾਹੀਦੀ ਹੈ। ਉਨ੍ਹਾਂ ਨਾਵਾਂ ਦੀ ਵਰਤੋਂ ਜੋ ਪ੍ਰਮੇਸ਼ਵਰ ਵੱਲੋਂ ਉਨ੍ਹਾਂ ਮਸੀਹੀ ਲੋਕਾਂ ਲਈ ਵਰਤੇ ਗਏ ਜਿਹੜੇ ਆਪਣੀਆਂ ਜ਼ਿੰਦਗੀਆਂ ਆਪਣੀ ਕਲੀਸੀਆ ਲਈ ਓਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਪ੍ਰਮੇਸ਼ਵਰ ਆਪਣੀ ਕਲੀਸੀਆ ਨੂੰ ਚਾਹੁੰਦਾ ਹੈ ਕਿ ਉਹ ਬਣੇ ਅਤੇ ਕਰੇ, ਘੱਟੋ ਘੱਟ ਇਕ ਸ਼ੁਰੂਆਤ ਹੈ। ਜਦ ਮਸੀਹੀ ਲੋਕ ਓਸੇ ਨਾਮ ਨਾਲ ਸੱਦੇ ਜਾਂਦੇ ਹਨ ਜਿਹੜਾ ਪ੍ਰਮੇਸ਼ਵਰ ਨੇ ਕਲੀਸੀਆ ਨੂੰ ਦਿੱਤਾ, ਤਾਂ ਉਹ ਓਸੇ ਪਾਸੇ ਵੱਲ ਨੂੰ ਜਾਂਦੇ ਹੋਏ ਜਿਸ ਵੱਲ ਪ੍ਰਮੇਸ਼ਵਰ ਚਾਹੁੰਦਾ ਹੈ ਕਿ ਉਹ ਜਾਣ, ਆਪਣੇ ਆਪ ਨੂੰ ਸਹੀ ਰਾਹ ਤੇ ਚਲਾ ਰਹੇ ਹੁੰਦੇ ਹਨ (ਅੰਤਿਕਾ 3 ਵੇਖੋ।)

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਕਲੀਸੀਆ ਦੇ ਸਬੰਧ ਵਿਚ ''ਰਾਜ'' ਸ਼ਬਦ ਦੀ ਵਰਤੋਂ ਕਿਵੇਂ ਕੀਤੀ ਗਈ ਹੈ?
2. ਪੌਲੁਸ ਕਲੀਸੀਆ ਨੂੰ ''ਮਸੀਹ ਦੀ ਕਲੀਸੀਆ'' ਕਹਿ ਕੇ ਕਿਉਂ ਬੁਲਾਉਂਦਾ ਹੈ? ਕਲੀਸੀਆ ਦੀ ਮਾਲਕੀ ਦੱਸਣ ਵਾਲੇ ਹੋਰ ਕਿਹੜੇ ਨਾਂਅ ਹਨ?
3. ਸਾਨੂੰ ਕਲੀਸੀਆ ਲਈ ਨਵੇਂ ਨੇਮ ਵਿਚ ਦਿੱਤੇ ਗਏ ਨਾਂਵਾਂ ਦੀ ਵਰਤੋਂ ਹੀ ਕਿਉਂ ਕਰਨੀ ਚਾਹੀਦੀ ਹੈ?
4. ਜਦ ਅਸੀਂ ਕਲੀਸੀਆ ਨੂੰ ਬਾਈਬਲ ਦੇ ਢੰਗ ਨਾਲ ਸੰਬੋਧਿਤ ਕਰਦੇ ਹਾਂ ਤਾਂ ਕੀ ਮਿਲਦਾ ਹੈ?
5. ਕਲੀਸੀਆ ਨੂੰ ''ਪ੍ਰਮੇਸ਼ਵਰ ਦਾ ਘਰਾਣਾ'' ਕਿਉਂ ਕਿਹਾ ਗਿਆ ਹੈ?
6. 'ਮਸੀਹੀ'' ਸ਼ਬਦ ਦਾ ਸ਼ਬਦੀ ਅਰਥ ਕੀ ਹੈ? ਜਦ ਕੋਈ ਇਕ ਮਸੀਹੀ ਦੇ ਰੂਪ ਵਿਚ ਜ਼ਿੰਦਗੀ ਬਿਤਾਉਂਦਾ ਹੈ ਤਾਂ ਉਸ ਦੀ ਜ਼ਿੰਦਗੀ ਕਿਹੋ ਜਿਹੀ ਹੁੰਦੀ ਹੈ?
7. ਇਕ ਮਸੀਹੀ ਦੇ ਰੂਪ ਵਿਚ ਫ਼ਿਲਿੱਪੀਆਂ 1:21 'ਚ ਪੌਲੁਸ ਆਪਣੀ ਜ਼ਿੰਦਗੀ ਦਾ ਬਿਆਨ ਕਿਵੇਂ ਕਰਦਾ ਹੈ?
8. ''ਪ੍ਰਮੇਸ਼ਵਰ ਦੀ ਸੰਤਾਨ'' ਹੋਣ ਤੋਂ ਕੀ ਭਾਵ ਹੈ? ਪ੍ਰਮੇਸ਼ਵਰ ਦੇ ਨਾਲ ਇਸ ਸਬੰਧ ਦੀਆਂ ਵਿਸ਼ੇਸ਼ਤਾਵਾਂ ਦੱਸੋ।

9. ਇਕ ਚੇਲੇ ਦੀਆਂ ਵਿਸ਼ੇਸ਼ਤਾਵਾਂ ਦੱਸੋ।
10. ''ਸੰਤ'' ਸ਼ਬਦ ਦਾ ਮੂਲ ਅਰਥ ਦੱਸੋ। ਵਿਅਕਤੀ ''ਸੰਤ'' ਕਦੋਂ ਬਣਦਾ ਹੈ? ਸੰਤ ਦੀਆਂ ਵਿਸ਼ੇਸ਼ਤਾਵਾਂ ਦੱਸੋ।

---

ਟਿਪਣੀਆਂ

[1]ਨਵੇਂ ਨੇਮ ਵਿਚ ਕਲੀਸੀਆ ਨੂੰ ਆਮ ਤੌਰ ਤੇ ਭੇਡਾਂ ਦਾ ਵਾੜਾ (ਯੂਹੰਨਾ 10:1), ਅੰਗੂਰੀ ਬਾਗ (ਮੱਤੀ 20:1), ਜਾਂ ਅਨਮੋਲ ਮੋਤੀ (ਮੱਤੀ 13:45, 46) ਦੇ ਰੂਪ ਵਿਚ ਵਿਖਾਇਆ ਗਿਆ ਹੈ। ਅਜਿਹੇ ਚਿੱਤਰਣ ਕਲੀਸੀਆ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਸਾਡੀ ਮਦਦ ਕਰਦੇ ਹਨ; ਪਰ ਉਹ ਉਦਾਹਰਣਾਂ ਹੀ ਹਨ, ਕਲੀਸੀਆ ਦੀ ਪਛਾਣ ਦੇ ਢੰਗ ਨਹੀਂ।

[2]''ਨਾਮ'' ਜਿਵੇਂ ਇੱਥੇ ਵਰਤਿਆ ਗਿਆ ਹੈ, ਤੋਂ ਭਾਵ ਕਲੀਸੀਆ ਨੂੰ ਬਾਈਬਲ ਦੇ ਢੰਗ ਨਾਲ ਸੰਬੋਧਿਤ ਕਰਨਾ ਹੈ।